K-26/2110 7636/N

# ਪੰਜਾਬੀ ਲਾਜ਼ਮੀ-318

## Sem-V

Time: 3 Hours M.M.: 75

01.

(ਭਾਗ-ੳ)

ਪ੍ਰਸ਼ਨ ਨੰ. 1 ਨਿਮਨਲਿਖਤ ਵਿੱਚੋਂ ਕਿਸੇ ਇੱਕ ਨਿਬੰਧ ਦਾ ਵਿਸ਼ਾ-ਵਸਤੂ ਆਪਣੇ ਸ਼ਬਦਾਂ ਵਿੱਚ ਲਿਖੋ:

(ੳ) ਪੰਜਾਬ ਦੀਆਂ ਲੋਕ-ਖੇਡਾਂ : ਹਰਜੀਤ ਕੌਰ

(ਅ) ਗਰਾਮ ਦਿਉਤੇ : ਸੋਹਿੰਦਰ ਸਿੰਘ ਵਣਜਾਰਾ ਬੇਦੀ

(ੲ) ਲੋਕ-ਸਾਹਿਤ ਦੀ ਸਿਰਜਣ ਪ੍ਰਕਿਰਿਆ : ਸੁਰਜੀਤ ਸਿੰਘ (12 ਅੰਕ)

ਪ੍ਰਸ਼ਨ ਨੰ. 2 ਹੇਠ ਦਰਜ ਪ੍ਰਸ਼ਨਾਂ ਵਿੱਚੋਂ ਕਿਸੇ ਇੱਕ ਪ੍ਰਸ਼ਨ ਦਾ ਉੱਤਰ ਦਿਓ:

(ੳ) ਲੋਕਧਾਰਾ ਦੇ ਚਾਰ ਪ੍ਰਮੁੱਖ ਲੱਛਣਾਂ ਬਾਰੇ ਜਾਣਕਾਰੀ ਦਿਓ।

(ਅ) ਫੁੱਲਕਾਰੀ ਦੀਆਂ ਚਾਰ ਪ੍ਰਮੁੱਖ ਕਿਸਮਾਂ ਬਾਰੇ ਜਾਣਕਾਰੀ ਦਿਓ।

(ੲ) ਲੋਕ ਸਾਹਿਤ ਅਤੇ ਸਾਹਿਤ ਵਿੱਚ ਵੱਖਰੇਵਾਂ ਬਿਆਨ ਕਰੋ । (08 ਅੰਕ)

(ਭਾਗ-ਅ)

ਪ੍ਰਸ਼ਨ ਨੰ. 3 ਕਿਸੇ ਇੱਕ ਵਿਸ਼ੇ 'ਤੇ ਭਾਵਪੂਰਤ ਲੇਖ ਲਿਖੋ:

(ੳ) ਮਾਘੀ ਦਾ ਤਿਉਹਾਰ

(ਅ) ਵਿਸਾਖੀ ਦਾ ਮੇਲਾ

(ੲ) ਦੀਵਾਲੀ (09 ਅੰਕ)

ਪ੍ਰਸ਼ਨ ਨੰ. 4 ਨਿਮਨਲਿਖਤ ਵਾਕਾਂ ਦੇ ਅੱਗੇ ਬਰੈਕਟਾਂ ਵਿੱਚ ਪੁੱਛੇ ਗਏ ਪ੍ਰਸ਼ਨਾਂ ਦਾ ਜਵਾਬ ਦਿਓ।

(ੳ) ਰੇਲ ਨੇ ਚੀਕ ਮਾਰੀ। (ਕਿਰਿਆ ਵਾਕੰਸ਼ ਵੱਖ ਕਰਕੇ ਲਿਖੋ)

(ਅ) ਮੈਂ ਦੋ ਕਾਪੀਆਂ ਅਤੇ ਇੱਕ ਕਿਤਾਬ ਖ਼ਰੀਦੀਆਂ। (ਇਸ ਵਾਕ ਨੂੰ ਸ਼ੁਧ ਕਰਕੇ ਲਿਖੋ)

(ੲ) ਖੇੜਾ ਪਿੰਡ ਦਾ ਹੀ ਇੱਕ ਦਿਉਤਾ ਹੈ। (ਨਾਉਂ ਸ਼ਬਦਾਂ ਨੂੰ ਵੱਖ ਕਰਕੇ ਲਿਖੋ)

(ਸ) ਕਿਸੇ ਸਮੇਂ ਟੋਬਾ ਪੰਜਾਬ ਦੇ ਪਿੰਡ ਦਾ ਸਭ ਤੋਂ ਵੱਧ ਰਮਣੀਕ ਸਥਾਨ ਹੁੰਦਾ ਸੀ।
(ਵਾਕ ਵਿੱਚੋਂ ਨਾਂਵ ਸ਼ਬਦਾਂ ਅਤੇ ਸੰਬੰਧਕਾਂ ਨੂੰ ਪਛਾਣ ਕੇ ਵੱਖ-ਵੱਖ ਲਿਖੋ)

(04×01=04 ਅੰਕ)

ਪ੍ਰਸ਼ਨ ਨੰ. 5 ਕਿਰਿਆ ਵਾਕੰਸ਼ ਕੀ ਹੁੰਦਾ ਹੈ? ਇਸਦੀ ਅੰਦਰੂਨੀ ਬਣਤਰ ਬਾਰੇ ਵਿਸਥਰਿਤ ਚਰਚਾ ਕਰੋ।

ਜਾਂ

ਨਾਉਂ ਵਾਕੰਸ਼ ਦੀ ਪਰਿਭਾਸ਼ਾ ਅਤੇ ਇਸਦੇ ਸਰੂਪ ਨੂੰ ਬਿਆਨ ਕਰਦਿਆਂ ਇਸਦੇ ਤੱਤਾਂ ਬਾਰੇ ਵਿਸਥਰਿਤ ਨੋਟ ਲਿਖੋ।

(12 ਅੰਕ)

Cont —

(ਭਾਗ-ੲ)

ਪ੍ਰਸ਼ਨ ਨੰ. 6 ਹੇਠ ਲਿਖੇ ਸਵਾਲਾਂ ਦੇ ਸੰਖੇਪ ਜਵਾਬ ਦਿਓ :

(ੳ) 'ਤ੍ਰਿਵੈਣੀ' ਤੋਂ ਕੀ ਭਾਵ ਹੈ ?

(ਅ) ਮਿੱਥਕ ਵਿਸ਼ਵਾਸ਼ 'ਤੇ ਆਧਾਰਿਤ ਕਿਸੇ ਇੱਕ ਵਹਿਮ ਬਾਰੇ ਜਾਣਕਾਰੀ ਦਿਓ।

(ੲ) ਸ਼ਿਵ ਨੇ ਤਾਂਡਵ ਨਾਚ ਕਰਦਿਆਂ ਕਿੰਨੇ ਪ੍ਰਕਾਰ ਦੇ ਨਾਚਾਂ ਦਾ ਪ੍ਰਦਰਸ਼ਨ ਕੀਤਾ ਸੀ ?

(ਸ) ਪੰਜਾਬ ਦੀਆਂ ਕੋਈ ਦੋ ਲੋਕ ਖੇਡਾਂ ਦੇ ਨਾਂ ਦੱਸੋ।

(ਹ) ਕੋਈ ਦੋ ਬੁਝਾਰਤਾਂ ਬਿਆਨ ਕਰੋ।

(ਕ) 'ਲੋਕਧਾਰਾ ਦੀ ਭੂਮਿਕਾ' ਕਿਤਾਬ ਦਾ ਸੰਪਾਦਕ ਅਤੇ ਪ੍ਰਕਾਸ਼ਕ ਕੌਣ ਹੈ?

(ਖ) ਪੰਮੀ ਬਾਈ ਦਾ ਉਹ ਕਿਹੜਾ ਗੀਤ ਹੈ ਜਿਸ ਵਿੱਚ ਉਸਨੇ ਪੰਜਾਬੀ ਬੰਦੇ ਨੂੰ ਬਦਮਾਸ਼ ਬਣਨ ਅਤੇ ਨਸ਼ੇ ਕਰਨ ਲਈ ਹੱਲਾਸ਼ੇਰੀ ਦਿੱਤੀ ਹੈ?

(ਗ) ਮੌਤ ਸਮੇਂ ਦੀਆਂ ਕੋਈ ਦੋ ਰੀਤਾਂ ਬਿਆਨ ਕਰੋ।

(ਘ) ਪਰੀ ਕਹਾਣੀਆਂ ਕਿਹੋ ਜਿਹੀਆਂ ਹੁੰਦੀਆਂ ਹਨ?

(ਙ) ਨਾਉਂ ਨੂੰ ਪਰਿਭਾਸ਼ਤ ਕਰੋ।

(ਚ) 'ਕਿਰਿਆ ਵਾਕੰਸ਼' ਤੋਂ ਕੀ ਭਾਵ ਹੈ?

(ਛ) ਉਦਾਹਰਣ ਦੁਆਰਾ ਸਹਾਇਕ ਕਿਰਿਆ ਦੀ ਪਛਾਣ ਕਰਾਓ।

(ਜ) ਭੂੰਮੀਏ ਦੀ ਪੂਜਾ ਆਮ ਤੌਰ 'ਤੇ ਐਤਵਾਰ ਨੂੰ ਕੀਤੀ ਜਾਂਦੀ ਹੈ। (ਵਾਕ ਵਿੱਚੋਂ ਕਿਰਿਆ ਵਾਕੰਸ਼ ਵੱਖ ਕਰਕੇ ਲਿਖੋ)

(ਝ) ਪੰਜਾਬ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਬੁਝਾਰਤਾਂ ਮਿਲਦੀਆਂ ਹਨ। (ਵਾਕ 'ਚੋਂ ਨਾਉਂ ਵਾਕੰਸ਼ ਨਿਖੇੜੋ)

(ਞ) ਕਰਮ ਨਾਂਵ-ਵਾਕੰਸ਼ ਤੋਂ ਕੀ ਭਾਵ ਹੈ?

7636/N

(15×02=30 ਅੰਕ)